# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
WORLD PUNJABI TIMES REACHING THE WORLD
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 17 ਅਪ੍ਰੈਲ 2025 ਦਿਨ ਵੀਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਬਾਮਸੇਫ ਅਤੇ ਅੰਬੇਡਕਰੀ ਆਗੂਆਂ ਵੱਲੋਂ ਜਗਰਾਉਂ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਹਾੜਾ ਮਨਾਇਆ

ਵਰਲਡ ਪੰਜਾਬੀ ਟਾਈਮਜ਼

ਜਗਰਾਉਂ 17 ਅਪ੍ਰੈਲ : ਬਾਬਾ ਸੁਖਦੀਪ ਸਿੰਘ ਖਾਲਸਾ, ਲੈਕਚਰਾਰ ਸ. ਬਲਦੇਵ ਸਿੰਘ ਸੁਧਾਰ, ਪ੍ਰੋਫੈਸਰ ਅਰੁਣ ਕੁਮਾਰ ਬਠਿੰਡਾ, (ਪੰਜਾਬ ਬਹੁਜਨ ਕੋਆਰਡੀਨੇਸ਼ਨ ਟੀਮ) ਸਰਪੰਚ ਦਵਿੰਦਰ ਸਿੰਘ ਸਲੇਮਪੁਰੀ, ਪ੍ਰਧਾਨ ਲੈਕਚਰਾਰ ਅਮਰਜੀਤ ਸਿੰਘ ਚੀਮਾ, ਲੈਕਚਰਾਰ ਰਣਜੀਤ ਸਿੰਘ ਹਠੂਰ ਡਾਕਟਰ ਸੁਰਜੀਤ ਸਿੰਘ ਦੌਧਰ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸ. ਸੁਖਦੇਵ ਸਿੰਘ ਹਠੂਰ, ਸੈਂਟਰ ਹੈੱਡ ਟੀਚਰ ਸ.ਪ੍ਰਿਤਪਾਲ ਸਿੰਘ ਆਦਿ ਬੁਲਾਰਿਆਂ ਨੇ ਖਾਲਸਾ ਸਾਜਨਾ ਦਿਵਸ ਅਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਸੰਘਰਸ਼ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ। ਆਰ.ਐਸ.ਐਸ.ਐੱਸ , ਪੰਨੂ ਵਰਗੇ ਮਨੂਵਾਦੀ ਲੋਕਾਂ ਦੀਆਂ ਬਹੁਜਨ ਸਮਾਜ ਨੂੰ ਪਾੜੋ ਅਤੇ ਰਾਜ ਕਰੋ ਦੀਆਂ ਨੀਤੀਆਂ ਤੋਂ ਸੁਚੇਤ ਕੀਤਾ ਗਿਆ। ਮਨੂੰਵਾਦੀ ਲੋਕ ਜਿੱਥੇ ਪੰਨੂ ਵਰਗੇ ਹੱਥ ਠੋਕੇ ਅਤੇ ਮੋਹਰੇ ਤਿਆਰ ਕਰਦੇ ਹਨ, ਉਥੇ ਐੱਸ .ਸੀ. ਲੋਕਾਂ ਵਿੱਚੋਂ ਵੀ ਗਦਾਰ ਲੀਡਰ , ਸਾਧ, ਅਤੇ ਗਾਇਕ ਆਦਿ ਖਰੀਦ ਕੇ ਸਮਾਜ ਵਿੱਚ ਆਪਸੀ ਲੜਾਈ ਪੈਦਾ ਕਰਕੇ ਸਮਾਜ ਨੂੰ ਵੰਡਣ ਅਤੇ ਤੋੜਨ ਦਾ ਕੰਮ ਕਰਦੇ ਹਨ।



ਬਹੁਜਨ ਸਮਾਜ ਵਿੱਚ ਸਿੱਖ , ਬੋਧੀ, ਮੁਸਲਮਾਨ, ਐਸ.ਸੀ,ਬੀਸੀ. ਸਾਰੇ ਲੋਕ ਸ਼ਾਮਿਲ ਹਨ, ਜਿਹਨਾਂ ਨੂੰ ਬੁੱਧ, ਸੰਤ ਅਤੇ ਗੁਰੂ ਸਾਹਿਬਾਨਾਂ ਦੇ ਫਲਸਫੇ ਨੂੰ ਸਮਝ ਕੇ ਬਹੁਜਨ ਦੀ ਭਾਈਚਾਰਕ ਸਾਂਝ ਬਣਾ ਕੇ ਹੁਕਮਰਾਨ ਸਮਾਜ ਪੈਦਾ ਕਰਕੇ ਮਨੂੰਵਾਦ ਨੂੰ ਮੂੰਹ ਤੋੜਵਾਂ ਜਵਾਬ ਦੇਣ ਦੀ ਲੋੜ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਕਟਰ ਸੁਰਿੰਦਰ ਸਿੰਘ ਝਮੱਟ, ਮੈਨੇਜਰ ਬਲਵਿੰਦਰ ਸਿੰਘ,ਮੈਨੇਜਰ ਜਸਵੰਤ ਰਾਏ, ਡਾ . ਹਰਪ੍ਰੀਤ ਸਿੰਘ,ਡਾਕਟਰ ਜਸਵੀਰ ਸਿੰਘ,ਮਾ. ਸਤਨਾਮ ਸਿੰਘ, ਮਾ . ਜਗਸੀਰ ਸਿੰਘ, ਸੁਖਮਿੰਦਰ ਸਿੰਘ ਸਦਰਪੁਰਾ, ਅਮਰਜੀਤ ਸਿੰਘ ਮੋਹੀ, ਮੈ . ਦਲਜੀਤ ਸਿੰਘ, ਮੈ .ਮਸਤਾਣ ਸਿੰਘ , ਮੈ . ਸਰੂਪ ਸਿੰਘ, ਅਮਰ ਨਾਥ, ਗੁਰਮੁਖ ਸਿੰਘ ਗੱਗੜਆ,ਰਛਪਾਲ ਸਿੰਘ ਗਾਲਿਬ,ਪ੍ਰਿੰਸੀਪਲ ਦਲਜੀਤ ਕੌਰ, ਮੈਨੇਜਰ ਗੁਰਦੀਪ ਸਿੰਘ, ਅਵਨਾਸ਼, ਜਗਤਾਰ ਸਿੰਘ ਚੀਮਾ, ਸਰਪੰਚ ਦਰਸਨ ਸਿੰਘ ਪੋਨਾ,ਤਰਸੇਮ ਸਿੰਘ ਅਲੀਗੜ੍ਹ,ਮਾ.ਸ਼ਿੰਗਾਰਾ ਸਿੰਘ, ਈ ਓ ਮਨੋਹਰ ਸਿੰਘ,ਅਮਨਦੀਪ ਸਿੰਘ ਗੁੜੇ ਅਤੇ ਹੋਰ ਬਹੁਤ ਸਾਰੇ ਸਾਥੀ ਹਾਜ਼ਿਰ ਸਨ

## 'ਜੈ ਭੀਮ ਪੈਦਲ ਮਾਰਚ' ਰਾਹੀਂ ਸ਼ਹਿਰ ਵਿੱਚ ਡਾ. ਅੰਬੇਡਕਰ ਜੀ ਦਾ ਜਨਮ ਦਿਹਾੜਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 17 ਅਪ੍ਰੈਲ : ਸੋਹੰ ਸਪੋਰਟਸ ਐਂਡ ਕਲਚਰਲ ਸੁਸਾਇਟੀ (ਰਜਿ) ਕੋਟਕਪੂਰਾ, ਮਾਤਾ ਰਮਾਬਾਈ ਅੰਬੇਡਕਰ ਅਵੇਅਰਨੈਸ ਕਲੱਬ ਕੋਟਕੂਪਰਾ ਅਤੇ ਬਾਬਾ ਸਾਹਿਬ ਐਜੂਕੇਸ਼ਨਲ ਸੁਸਾਇਟੀ ਕੋਟਕਪੂਰਾ ਦੇ ਸਾਂਝੇ ਯਤਨਾ ਸਦਕਾ ਸਵੇਰੇ 5.30 ਵਜੇ 'ਜੈ ਭੀਮ ਪੈਦਲ ਮਾਰਚ' ਕੋਟਕਪੂਰਾ ਸ਼ਹਿਰ ਵਿੱਚ ਕੱਢਿਆ ਗਿਆ ਇਸ ਪੈਦਲ ਮਾਰਚ ਦੀ ਸ਼ੁਰੂਆਤ ਸ੍ਰੀ ਗੁਰੂ ਰਵਿਦਾਸ ਮੰਦਰ ਪ੍ਰੇਮ ਨਗਰ ਕੋਟਕਪੂਰਾ ਤੋਂ ਹੋਈ ਇਹ ਮਾਰਚ ਬੱਤੀਆਂ ਵਾਲਾ ਚੌਂਕ ਤੋਂ ਹੁੰਦਾ ਹੋਇਆ ਸ੍ਰੀ ਗੁਰੂ ਰਵਿਦਾਸ ਨਗਰ, ਮਹਿਤਾ ਚੌਂਕ, ਢੋਡਾ ਚੌਂਕ, ਗੀਤਾ ਭਵਨ, ਫੈਕਟਰੀ ਰੋਡ, ਸੁਰਗਾਪੁਰੀ, ਜਲਾਲੇਆਣਾ ਰੋਡ, ਗਾਂਧੀ ਬਸਤੀ, ਬਾਬਾ ਵਾਲਮੀਕ ਚੌਂਕ ਵਿੱਚੋਂ ਲੰਘਦਾ ਹੋਇਆ ਵਾਪਸ ਮੁਕਤਸਰ ਪੁਲ ਰਾਹੀਂ ਫਰੀਦਕੋਟ ਰੋਡ ਤੋਂ ਹੁੰਦਾ ਹੋਇਆ ਡਾ. ਬੀ ਆਰ ਅੰਬੇਡਕਰ ਪਾਰਕ ਸਿੱਖਾਂ ਵਾਲਾ ਰੋਡ ਵਿਖੇ ਪਹੁੰਚਿਆ ਜਿੱਥੇ ਇਸ ਵਿਸ਼ਾਲ ਮਾਰਚ ਵਿੱਚ ਸ਼ਾਮਿਲ ਲੋਕਾਂ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਤੇ ਫੁੱਲ ਅਰਪਿਤ ਕੀਤੇ ਗਏ ਇਸ ਪਿੱਛੋਂ ਇਹ ਮਾਰਚ ਕਰੀਬ ਸਵੇਰੇ 9:30 ਵਜੇ ਗੁਰੂ ਰਵਿਦਾਸ ਮੰਦਰ ਪ੍ਰੇਮ ਨਗਰ ਕੋਟਕਪੂਰਾ ਵਿਖੇ ਪਹੁੰਚਿਆ ਇਸ ਪੈਦਲ ਮਾਰਚ ਲਈ ਖਾਸ ਤੌਰ ਤੇ 'ਮਾਤਾ ਰਮਾਬਾਈ ਅੰਬੇਡਕਰ ਅਵੇਅਰਨੈਸ ਕਲੱਬ ਕੋਟਕਪੂਰਾ' ਦੀਆਂ ਸਾਰੀਆਂ ਮੈਂਬਰ ਔਰਤਾਂ ਨੇ ਬਹੁਤ ਕਰੜੀ ਮਿਹਨਤ ਕਰਕੇ ਘਰ ਘਰ ਜਾ ਕੇ ਲੋਕਾਂ ਨੂੰ ਇਸ ਪੈਦਲ ਮਾਰਚ ਵਿੱਚ ਸ਼ਾਮਿਲ ਹੋਣ ਲਈ ਪ੍ਰੇਰਿਤ ਕੀਤਾ ਜਿਨਾਂ ਸਦਕਾਂ ਹੀ ਇਸ ਪੈਦਲ ਮਾਰਚ ਵਿੱਚ ਲੋਕਾਂ ਦੇ ਹਜੂਮ ਵਿੱਚ ਔਰਤਾਂ ਵੀ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਈਆਂ। ਇਸ ਪੈਦਲ ਮਾਰਚ ਦੌਰਾਨ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚੋਂ ਸੰਸਥਾਵਾਂ ਵੱਲੋਂ ਲੰਗਰ ਪਾਣੀ, ਛਬੀਲਾਂ, ਰਿਫਰੈਸ਼ਮੈਂਟ ਦੀ ਸੇਵਾ ਲਾਈ ਗਈ, ਪੈਦਲ ਮਾਰਚ ਵਿੱਚ ਛੋਟੇ ਬੱਚਿਆਂ ਤੋਂ ਲੈ ਕੇ ਜਵਾਨ, ਬਜ਼ੁਰਗ, ਔਰਤਾਂ ਵਿੱਚ ਬਹੁਤ ਜੋਸ਼ ਵੇਖਿਆ ਗਿਆ, ਮਾਤਾ ਰਮਾਬਾਈ ਅੰਬੇਡਕਰ ਅਵੇਅਰਨੈਸ ਕਲੱਬ ਕੋਟਕਪੂਰਾ ਵੱਲੋਂ ਔਰਤਾਂ ਲਈ ਇਨਾਮੀ ਕੂਪੰਨ ਵੀ ਕੱਢੇ ਗਏ, ਸੁਸਾਇਟੀ ਦੇ ਮੈਂਬਰਾਂ ਨੇ ਇਸ ਪੈਦਲ ਮਾਰਚ ਰਾਹੀਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਵਿਚਾਰਧਾਰਾ, ਉਹਨਾਂ ਦੀ ਸੋਚ ਨੂੰ ਲੋਕਾਂ ਵਿੱਚ ਲਿਆਉਣ ਲਈ ਇਹ ਪੈਦਲ ਮਾਰਚ ਦਾ ਆਯੋਜਨ ਕੀਤਾ ਜੋ ਕਿ ਸਹੀ ਅਰਥਾਂ ਵਿੱਚ ਬਾਬਾ ਸਾਹਿਬ ਜੀ ਦੀ ਸੋਚ ਨੂੰ ਹਰੇਕ ਵਰਗ ਦੇ ਲੋਕਾਂ ਤੱਕ ਲੈ ਕੇ ਜਾਣ ਦਾ ਸਹੀ ਤਰੀਕਾ ਵੀ ਹੈ ਇਸ ਪੈਦਲ ਮਾਰਚ ਵਿੱਚ ਕੋਟਕਪੁਰਾ ਸ਼ਹਿਰ ਦੀਆਂ ਵੱਖ-ਵੱਖ ਸ਼ਖਸ਼ੀਅਤਾਂ ਦੁਆਰਾ ਹਾਜ਼ਰੀ ਲਵਾਈ ਗਈ, ਸੁਸਾਇਟੀ ਦੇ ਮੈਂਬਰਾਂ ਵੱਲੋਂ ਇਸ ਪੈਦਲ ਮਾਰਚ ਵਿੱਚ ਸ਼ਾਮਿਲ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

## ਡਾ. ਬੀ ਆਰ. ਅੰਬੇਡਕਰ ਜੀ ਦੇ ਮਿਸ਼ਨ ਪ੍ਰਤੀ ਪ੍ਰਚਾਰ ਅਤੇ ਪ੍ਰਸਾਰ ਲਈ ਪਾਏ ਜਾ ਰਹੇ ਵਡਮੁੱਲੇ ਯੋਗਦਾਨ ਲਈ ਸੂਦ ਵਿਰਕ ਲਾਈਵ ਅਖ਼ਬਾਰ ਨੂੰ ਮਿਲਿਆ "ਵਿਸ਼ੇਸ਼ ਸਨਮਾਨ"

### ਡਾ. ਭੀਮ ਰਾਓ ਅੰਬੇਡਕਰ ਜੀ ਦੇ ਫਲਸਫੇ ਨੂੰ ਘਰ ਘਰ ਤੱਕ ਪਹੁੰਚਾਉਣ ਦੀ ਅੱਜ ਬਹੁਤ ਜ਼ਰੂਰਤ: ਸੂਦ ਵਿਰਕ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 15 ਅਪ੍ਰੈਲ : ਨਾਮਵਰ ਵਿੱਦਿਅਕ ਸੰਸਥਾ ਗੁਰੂਕੁਲ ਸਕੂਲ ਵਿੱਚ ਵਿਸਾਖੀ ਦਾ ਤਿਉਹਾਰ ਬੱਚਿਆਂ ਵੱਲੋਂ ਧੂਮਧਾਮ, ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਹ ਤਿਉਹਾਰ ਪੰਜਾਬੀ ਸੱਭਿਆਚਾਰ ਅਤੇ ਕਿਸਾਨੀ ਜੀਵਨ ਦੀ ਖੁਸ਼ੀ ਨੂੰ ਦਰਸਾਉਂਦਾ ਹੈ। ਸਮਾਰੋਹ ਮੌਕੇ ਛੋਟੇ-ਛੋਟੇ ਬੱਚਿਆਂ ਨੇ ਰੰਗ ਬਰੰਗੇ ਪਹਿਰਾਵੇ ਪਾ ਕੇ ਭੰਗੜਾ, ਗਿੱਧਾ, ਲੋਕ ਨਾਚ ਅਤੇ ਗੀਤਾਂ ਰਾਹੀਂ ਪੂਰੇ ਮਾਹੌਲ ਨੂੰ ਪੰਜਾਬੀ ਰੰਗ ਵਿੱਚ ਰੰਗ ਦਿੱਤਾ। ਵਿਦਿਆਰਥੀਆਂ ਵੱਲੋਂ ਵਿਸਾਖੀ ਦੇ ਇਤਿਹਾਸ ਅਤੇ ਇਸ ਦੀ ਮਹੱਤਤਾ 'ਤੇ ਆਧਾਰਿਤ ਨਾਟਕ ਅਤੇ ਕਵਿਤਾਵਾਂ ਵੀ ਪੇਸ਼ ਕੀਤੀਆਂ ਗਈਆਂ। ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਧਵਨ ਕੁਮਾਰ ਜੀ ਨੇ ਆਪਣੇ ਸੰਬੋਧਨ ਵਿੱਚ ਵਿਸਾਖੀ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਇਹੋ ਜਿਹੇ ਤਿਉਹਾਰ ਬੱਚਿਆਂ ਵਿੱਚ ਸੱਭਿਆਚਾਰਿਕ ਜਾਗਰੂਕਤਾ ਪੈਦਾ ਕਰਦੇ ਹਨ। ਉਹਨਾਂ ਕਿਹਾ ਕਿ ਜਿੱਥੇ ਇਹ ਤਿਉਹਾਰ ਕਣਕ ਦੀ ਵਾਢੀ ਦੀ ਖੁਸ਼ੀ ਵਿੱਚ ਮਨਾਇਆ ਜਾਂਦਾ ਹੈ, ਉੱਥੇ ਹੀ ਖਾਲਸਾ ਪੰਥ ਦੀ ਸਾਜਨਾ ਕਰਨ ਵਾਲੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਤਿਹਾਸਿਕ ਤੌਰ 'ਤੇ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਧਾਰਮਿਕ ਪਰੰਪਰਾ ਵਿੱਚ ਨਵੀਂ ਲਹਿਰ ਪੈਦਾ ਕਰਨ ਲਈ ਕੁਰਬਾਨੀ ਦਾ ਸੰਦੇਸ਼ ਦਿੰਦੇ ਹੋਏ ਖਾਲਸਾ ਪੰਥ ਦੀ ਸਾਜਨਾ ਕੀਤੀ, ਨਾਲ ਹੀ ਨਾਲ ਉਹਨਾਂ ਨੇ ਇਸ ਦਿਨ ਨੂੰ ਯਾਦ ਕਰਦਿਆਂ ਜਲਿਆਂਵਾਲੇ ਬਾਗ ਵਿੱਚ ਹੋਏ ਹੱਤਿਆਕਾਂਡ ਕਾਰਨ ਸ਼ਹੀਦ ਹੋਏ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਉਨ੍ਹਾਂ ਨੇ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਉਤਸ਼ਾਹ ਦੀ ਸਾਰਾਹਨਾ ਕੀਤੀ।ਸਕੂਲ ਦਾ ਮਾਹੌਲ ਖੁਸ਼ੀ ਅਤੇ ਰੌਣਕ ਨਾਲ ਭਰਿਆ ਹੋਇਆ ਦਿਸ ਰਿਹਾ ਸੀ। ਇਹ ਸਮਾਰੋਹ ਨਾ ਕੇਵਲ ਬੱਚਿਆਂ ਲਈ ਮਨੋਰੰਜਨਕ ਰਿਹਾ, ਸਗੋਂ ਉਨ੍ਹਾਂ ਨੂੰ ਆਪਣੀ ਸੰਸਕ੍ਰਿਤੀ ਨਾਲ ਜੋੜਨ ਦਾ ਵੀ ਸਾਧਨ ਬਣਿਆ।

## ਪ੍ਰਸਿੱਧ ਕਹਾਣੀਕਾਰ ਲਾਲ ਸਿੰਘ ਕਲਸੀ ਦਾ ਕਹਾਣੀ ਸੰਗ੍ਰਹਿ " ਸਿਰ ਦੀ ਛੱਤ" ਅਤੇ ਸਤਪਾਲ ਸਿੰਘ ਸੋਹਲ ਦਾ ਗੀਤ ਸੰਗ੍ਰਹਿ " ਗੀਤਾ ਮੇਰਾ ਸਰਮਾਇਆ " ਲੋਕ ਅਰਪਣ ਸਮਾਰੋਹ 27 ਅਪ੍ਰੈਲ ਨੂੰ

ਵਰਲਡ ਪੰਜਾਬੀ ਟਾਈਮਜ਼

ਫਰੀਦਕੋਟ 17 ਅਪ੍ਰੈਲ : ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਦੇ ਪ੍ਰੈੱਸ ਸਕੱਤਰ ਵਤਨਵੀਰ ਜ਼ਖਮੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਵੱਲੋਂ ਪ੍ਰਸਿੱਧ ਕਹਾਣੀਕਾਰ ਲਾਲ ਸਿੰਘ ਕਲਸੀ ਦਾ ਕਹਾਣੀ ਸੰਗ੍ਰਹਿ " ਸਿਰ ਦੀ ਛੱਤ " ਅਤੇ ਸਤਪਾਲ ਸਿੰਘ ਸੋਹਲ ਦਾ ਗੀਤ ਸੰਗ੍ਰਹਿ " ਗੀਤ ਮੇਰਾ ਸਰਮਾਇਆ " ਲੋਕ ਅਰਪਣ ਸਮਾਰੋਹ ਮਿਤੀ 27 ਅਪ੍ਰੈਲ 2027 ਦਿਨ ਐਤਵਾਰ ਨੂੰ ਸਵੇਰੇ ਦਸ ਵਜੇ ਸਥਾਨਕ ਪੈਨਸ਼ਨ ਭਵਨ ਨਜ਼ਦੀਕ ਹੁੱਕੀ ਚੌਂਕ ਫਰੀਦਕੋਟ ਵਿਖੇ ਕਰਵਾਇਆ ਜਾਵੇਗਾ ਜਿਸ ਦੀ ਪ੍ਰਧਾਨਗੀ ਨਾਮਵਰ ਸ਼ਾਇਰ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਮੁੱਖ ਸਰਪ੍ਰਸਤ ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਕਰਨਗੇ। ਲਾਲ ਸਿੰਘ ਕਲਸੀ ਦੇ ਕਹਾਣੀ ਸੰਗ੍ਰਹਿ " ਸਿਰ ਦੀ ਛੱਤ " ਤੇ ਪਰਚਾ ਪ੍ਰਸਿੱਧ ਪੰਜਾਬੀ ਲੇਖਕ ਅਤੇ ਪ੍ਰੋ: ਨਿਰਮਲ ਕੌਸ਼ਿਕ ਪੜ੍ਹਨਗੇ ਅਤੇ ਸਤਪਾਲ ਸਿੰਘ ਸੋਹਲ ਦੇ ਗੀਤ ਸੰਗ੍ਰਹਿ " ਗੀਤ ਮੇਰਾ ਸਰਮਾਇਆ " ਤੇ ਪਰਚਾ ਪ੍ਰੋ: ਦਲਬੀਰ ਸਿੰਘ ਪੜ੍ਹਨਗੇ। ਹਾਜ਼ਰ ਲੇਖਕ ਆਪਣੇ ਕਲਾਮ ਪੇਸ਼ ਕਰਨਗੇ।

## ਵਿਧਾਇਕ ਸੇਖੋਂ ਨੇ ਜੰਡ ਸਾਹਿਬ ਵਿਖੇ ਕਣਕ ਦੀ ਖਰੀਦ ਸ਼ੁਰੂ ਕਰਵਾਈ

### ਕਣਕ ਦੀ ਖਰੀਦ ਸਬੰਧੀ ਕਿਸਾਨਾਂ, ਮਜ਼ਦੂਰਾਂ ਤੇ ਆੜ੍ਹਤੀਆਂ ਨੂੰ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ : ਸੇਖੋਂ

ਵਰਲਡ ਪੰਜਾਬੀ ਟਾਈਮਜ਼

ਫ਼ਰੀਦਕੋਟ, 17 ਅਪ੍ਰੈਲ : ਫ਼ਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਅੱਜ ਜੰਡ ਸਾਹਿਬ ਵਿਖੇ ਕਣਕ ਦੀ ਖਰੀਦ ਸ਼ੁਰੂ ਕਰਵਾਈ ਅਤੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਮੰਡੀ ਬੋਰਡ ਦੇ ਅਧਿਕਾਰੀਆਂ ਵੱਲੋਂ ਜਿਲ੍ਹੇ ਦੇ ਕੁੱਲ 68 ਖਰੀਦ ਕੇਂਦਰ ਸਥਾਪਿਤ ਕੀਤੇ ਗਏ ਹਨ। ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ



ਅਨੁਸਾਰ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਿਸਾਨਾਂ,ਮਜ਼ਦੂਰਾਂ, ਆੜਤੀਆਂ ਲਈ ਛਾਂ, ਪੀਣ ਵਾਲੇ ਪਾਣੀ, ਰੌਸ਼ਨੀ ਤੇ ਸਫਾਈ ਦੇ ਢੁੱਕਵੇਂ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਫਸਲ ਵੇਚਣ ਸਮੇਂ ਕਿਸਾਨਾਂ ਤੇ ਆੜ੍ਹਤੀਆਂ ਨੂੰ ਕਿਸੇ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ 12 ਫੀਸਦੀ ਨਮੀ ਵਾਲੀ ਫਸਲ ਹੀ ਮੰਡੀਆਂ ਵਿੱਚ ਲਿਆਂਦੀ ਜਾਵੇ ਤਾਂ ਜੋ ਉਨ੍ਹਾਂ ਨੂੰ ਫਸਲ ਵੇਚਣ ਸਮੇਂ ਸਮੱਸਿਆਂ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕਣਕ ਦਾ ਸਮਰਥਨ ਮੁੱਲ 2425 ਰੁਪਏ ਨਿਸ਼ਚਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਫ਼ਸਲ ਦਾ ਇਕ ਇਕ ਦਾਣਾ ਚੁੱਕਿਆ ਜਾਵੇਗਾ ਅਤੇ ਖਰੀਦੀ ਗਈ ਫਸਲ ਦੀ ਅਦਾਇਗੀ ਉਨ੍ਹਾਂ ਦੇ ਖਾਤਿਆਂ ਵਿੱਚ 24 ਘੰਟਿਆਂ ਦੇ ਅੰਦਰ ਅੰਦਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਸਮੂਹ ਖਰੀਦ ਕੇਂਦਰਾਂ ਵਿੱਚ ਖਰੀਦ ਏਜੰਸੀਆਂ ਵੱਲੋਂ ਆਪਣੇ ਅਧਿਕਾਰੀ ਤਾਇਨਾਤ ਕੀਤੇ ਗਏ ਹਨ ਤਾਂ ਜੋ ਕਿਸੇ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ ਸਾਦਿਕ ਸ.ਰਮਨਦੀਪ ਸਿੰਘ ਮੁਮਾਰਾ, ਸ.ਹਰਜੀਤ ਸਿੰਘ ਸਰਪੰਚ,ਕੁਲਵਿੰਦਰ ਸਿੰਘ ਸੰਧੂ, ਗੁਰਚਰਨ ਸਿੰਘ, ਸਮਸ਼ੇਰ ਸਿੰਘ, ਹਰਪ੍ਰੀਤ ਸਿੰਘ, ਦਰਸ਼ਨ ਸਿੰਘ ਤੋਂ ਇਲਾਵਾ ਆੜਤੀਏ ਅਤੇ ਕਿਸਾਨ ਹਾਜ਼ਰ ਸਨ।

## ਪੰਜਾਬ ਸਰਕਾਰ ਬਾਬਾ ਸਾਹਿਬ ਦੀ ਸੋਚ ਅਨੁਸਾਰ ਗਰੀਬ ਵਰਗ ਦੀ ਭਲਾਈ ਲਈ ਬਚਨਬੱਧ : ਸੰਧਵਾਂ

### ਬਾਬਾ ਸਾਹਿਬ ਨੇ ਸੰਵਿਧਾਨਿਕ ਮਾਲਾ ਰਾਹੀਂ ਸਾਰੇ ਵਰਗਾਂ ਨੂੰ ਇੱਕ ਸੂਤਰ ਵਿੱਚ ਪਰੋਇਆ : ਸੇਖੋਂ

### ਸਾਨੂੰ ਆਪਣੇ ਅਧਿਕਾਰਾਂ ਦੇ ਨਾਲ ਨਾਲ ਫਰਜਾਂ ਪ੍ਰਤੀ ਵੀ ਸੁਚੇਤ ਹੋਣ ਦੀ ਲੋੜ : ਡੀ ਸੀ

ਵਰਲਡ ਪੰਜਾਬੀ ਟਾਈਮਜ਼

ਫ਼ਰੀਦਕੋਟ, 17 ਅਪ੍ਰੈਲ : ਮਹਾਨ ਯੁਗ ਪੁਰਸ਼ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ, ਪ੍ਰਸਿੱਧ ਸਮਾਜ ਸੁਧਾਰਕ ਡਾਕਟਰ ਭੀਮ ਰਾਓ ਅੰਬੇਦਕਰ ਦੀ 134ਵੀਂ ਜਨਮ ਸ਼ਤਾਬਦੀ ਦੇ ਸਬੰਧ ਵਿੱਚ ਭਗਤ ਚੇਤਨ ਦੇਵ ਸਰਕਾਰੀ ਬੀ.ਐਡ ਕਾਲਜ ਫਰੀਦਕੋਟ ਵਿਖੇ ਜ਼ਿਲ੍ਹਾ ਪੱਧਰੀ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਜਦਕਿ ਵਿਧਾਇਕ ਫਰੀਦਕੋਟ ਗੁਰਦਿੱਤ ਸਿੰਘ ਸੇਖੋਂ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਮੌਕੇ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਅਤੇ ਐਸਐਸਪੀ ਡਾ. ਪ੍ਰਗਿਆ ਜੈਨ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਆਪਣੇ ਸੰਬੋਧਨ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੇ ਹਮੇਸ਼ਾ ਸਮਾਜ ਸੁਧਾਰ ਅਤੇ ਸਮਾਜ ਦੇ ਦੱਬੇ ਕੁਚਲੇ ਲੋਕਾਂ ਦੇ ਉਥਾਨ ਲਈ ਕੰਮ ਕੀਤਾ ਅਤੇ ਉਹਨਾਂ ਨੂੰ ਭਾਰਤ ਦਾ ਸੰਵਿਧਾਨ ਨਿਰਮਾਤਾ ਵੀ ਕਿਹਾ ਜਾਂਦਾ ਹੈ। ਉਹਨਾਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੀ ਸਥਾਪਤੀ ਮੌਕੇ ਹੀ ਜਿੱਥੇ ਸ਼ਹੀਦਾਂ ਨੂੰ ਮਾਣ ਸਤਿਕਾਰ ਦਿੱਤਾ ਉੱਥੇ ਸੰਵਿਧਾਨ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਤੇ ਸ਼ਹੀਦ ਭਗਤ ਸਿੰਘ ਦੀਆਂ ਫੋਟੋਆਂ ਹਰੇਕ ਸਰਕਾਰੀ ਦਫਤਰ ਵਿੱਚ ਲਗਾਈਆਂ ਤਾਂ ਜੋ ਲੋਕ ਉਨ੍ਹਾਂ ਤੋਂ ਪ੍ਰੇਰਨਾ








ਲੈਣ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਸਮੇਂ ਤੋਂ ਗਰੀਬ, ਪੱਛੜੇ ਵਰਗਾਂ ਦੀ ਬੰਦ ਪਈ ਸਕਾਲਰਸ਼ਿਪ ਤੇ ਹੋਰ ਸਕੀਮਾਂ ਨੂੰ ਵੀ ਮੁੜ ਤੋਂ ਸ਼ੁਰੂ ਕੀਤਾ ਗਿਆ ਹੈ ਤਾਂ ਜੋ ਇਸ ਵਰਗ ਦੇ ਬੱਚਿਆਂ ਨੂੰ ਇਸ ਦਾ ਵੱਧ ਤੋਂ ਵੱਧ ਲਾਭ ਮਿਲ ਸਕੇ। ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਡਾਕਟਰ ਅੰਬੇਦਕਰ ਜੀ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਪ੍ਰਤੀਕ ਸਨ ਤੇ ਪੰਜਾਬ ਸਰਕਾਰ ਨੇ ਇਹ ਤਹੀਆ ਕੀਤਾ ਹੈ ਕਿ ਉਹ ਡਾਕਟਰ ਅੰਬੇਦਕਰ ਜੀ ਦੀ ਸੋਚ ਨੂੰ ਅੱਗੇ ਲਿਜਾ ਕੇ ਦੇਸ਼ ਦੇ ਦੱਬੇ ਤੇ ਕੁਚਲੇ ਲੋਕਾਂ ਲਈ ਕੰਮ ਕਰਕੇ ਇਸ ਵਰਗ ਦੇ ਬੱਚਿਆਂ ਨੂੰ ਵੱਧ ਤੋਂ ਵੱਧ ਸਿੱਖਿਅਤ ਕਰਨਗੇ ਤਾਂ ਜੋ ਉਹ ਸਮਾਜ ਵਿੱਚ ਸਨਮਾਨਜਨਕ ਸਥਾਨ ਪ੍ਰਾਪਤ ਕਰ ਸਕਣ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਪਣੇ ਮੰਤਰੀ ਮੰਡਲ ਵਿੱਚ ਛੇ ਅਨਸੂਚਿਤ ਜਾਤੀ ਭਾਈਚਾਰੇ ਦੇ ਮੰਤਰੀਆਂ ਨੂੰ ਸ਼ਾਮਿਲ ਕਰਕੇ ਇਤਿਹਾਸ ਕਾਇਮ ਕੀਤਾ ਹੈ ਤੇ ਇਸ ਵਰਗ ਨੂੰ ਬਣਦੀ ਨੁਮਾਇੰਦਗੀ ਦਿੱਤੀ ਹੈ। ਉਹਨਾਂ ਇਹ ਵੀ ਕਿਹਾ ਕਿ ਏਜੀ ਦਫਤਰ ਵਿੱਚ ਵੀ ਰਾਖਵੇਂਕਰਨ ਨੂੰ ਲਾਗੂ ਕੀਤਾ ਗਿਆ ਹੈ ਅਤੇ ਗਰੀਬ ਵਰਗ ਦੀ ਭਲਾਈ ਲਈ ਹੋਰ ਸਹੂਲਤਾਂ ਵੀ ਸ਼ੁਰੂ ਕੀਤੀਆਂ ਗਈਆਂ ਹਨ। ਵਿਧਾਇਕ ਗੁਰਦਿੱਤ ਸਿੰਘ ਸੇਖੋ ਨੇ ਆਪਣੇ ਸੰਬੋਧਨ ਵਿੱਚ ਡਾਕਟਰ ਭੀਮ ਰਾਓ ਅੰਬੇਦਕਰ ਦੇ ਜਨਮ ਦਿਨ ਤੇ ਵਧਾਈ ਦਿੰਦਿਆਂ ਕਿਹਾ ਕਿ ਉਹਨਾਂ ਨੇ ਦੇਸ਼ ਦੇ ਵੱਖ-ਵੱਖ ਫਿਰਕਿਆਂ ,ਜਾਤਾਂ -ਧਰਮਾਂ ਨੂੰ ਸੰਵਿਧਾਨ ਰਾਹੀਂ ਬਰਾਬਰਤਾ ਦਾ ਅਧਿਕਾਰ ਦੇ ਕੇ ਇਕ ਲੜੀ ਵਿੱਚ ਪਰੋਇਆ ਤੇ ਸਾਰੇ ਵਰਗਾਂ ਦੇ ਅਧਿਕਾਰ ਸੁਰੱਖਿਤ ਕੀਤੇ ।ਉਹਨਾਂ ਕਿਹਾ ਕਿ ਸਾਨੂੰ ਡਾਕਟਰ ਸਾਹਿਬ ਦੀਆਂ ਸਿੱਖਿਆਵਾਂ ਤੇ ਚੱਲ ਕੇ ਗਰੀਬ ਵਰਗ ਦੀ ਤਰੱਕੀ ਤੇ ਵਿਕਾਸ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਸਿੱਖਿਅਤ ਕੀਤਾ ਜਾ ਸਕੇ। ਇਸ ਮੌਕੇ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਸੰਵਿਧਾਨ ਨਿਰਮਾਤਾ ਡਾਕਟਰ ਅੰਬੇਦਕਰ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਹਨਾਂ ਦੇ ਜੀਵਨ ,ਸੰਘਰਸ਼ ਤੇ ਸੰਵਿਧਾਨ ਨੂੰ ਦੇਣ ਸਬੰਧੀ ਸੰਖੇਪ ਵਿੱਚ ਵਿਚਾਰ ਸਾਂਝੇ ਕੀਤੇ। ਉਹਨਾਂ ਕਿਹਾ ਕਿ ਸਾਨੂੰ ਆਪਣੇ ਅਧਿਕਾਰਾਂ ਦੇ ਨਾਲ ਨਾਲ ਆਪਣੇ ਫਰਜਾਂ ਪ੍ਰਤੀ ਵੀ ਸੁਚੇਤ ਹੋਣ ਦੀ ਲੋੜ ਹੈ। ਉਹਨਾਂ ਪ੍ਰੋਗਰਾਮ ਦੀ ਸਫਲਤਾ ਲਈ ਸਮੂਹ ਮਹਿਮਾਨਾਂ ਤੇ ਪਤਵੰਤਿਆਂ ਦਾ ਧੰਨਵਾਦ ਕੀਤਾ। ਇਸ ਤੋਂ ਪਹਿਲਾਂ ਤਹਿਸੀਲ ਸਮਾਜਿਕ ਨਿਆ ਤੇ ਅਧਿਕਾਰਤਾ ਅਫਸਰ ਸ੍ਰੀ ਗੁਰਮੀਤ ਕੜਿਆਲਵੀ ਨੇ ਆਪਣੇ ਕੁੰਜੀਵਤ ਭਾਸ਼ਣ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਜੀਵਨ, ਸੰਘਰਸ਼ ਵਿੱਦਿਆ ਤੇ ਸਮਾਜ ਤੇ ਸੰਵਿਧਾਨ ਨੂੰ ਦੇਣ ਬਾਰੇ ਚਰਚਾ ਕੀਤੀ ।ਕਾਲਜ ਦੀ ਵਿਦਿਆਰਥਨ ਨਵਜੋਤ ਕੌਰ ਤੇ ਵਿਦਿਆਰਥੀ ਅਰਸ਼ਦੀਪ ਸਿੰਘ ਨੇ ਪੰਜਾਬ ਸਰਕਾਰ ਦੁਆਰਾ ਗਰੀਬ ਵਰਗ ਲਈ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ,ਸਕਾਲਰਸ਼ਿਪ ਆਦਿ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਸਕਾਲਰਸ਼ਿਪ ਤੇ ਹੋਰ ਭਲਾਈ ਸਕੀਮਾਂ ਬਾਰੇ ਜਾਣਕਾਰੀ ਦੇਣ ਵਾਲਾ ਕਿਤਾਬਚਾ ਵੀ ਲੋਕ ਅਰਪਣ ਕੀਤਾ ਗਿਆ। ਜਿਲਾ ਪ੍ਰਸ਼ਾਸਨ ਵੱਲੋਂ ਸਪੀਕਰ ਸਰਦਾਰ ਸੰਧਵਾਂ ਨੂੰ ਬਾਬਾ ਸਾਹਿਬ ਦੀ ਫੋਟੋ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਸ੍ਰੀ ਰਜੇਸ਼ ਮੋਹਨ, ਸੁਖਜੀਤ ਸਿੰਘ ਢਿੱਲਵਾਂ ਚੇਅਰਮੈਨ ਜਿਲਾ ਯੋਜਨਾ ਬੋਰਡ, ਗਗਨਦੀਪ ਸਿੰਘ ਧਾਲੀਵਾਲ ਚੇਅਰਮੈਨ ਇੰਪਰੂਵਮੈਂਟ ਟਰਸਟ, ਧਰਮਜੀਤ ਸਿੰਘ ਰਾਮੇਆਣਾ ਉਪ ਚੇਅਰਮੈਨ ਵਾਟਰ ਸਪਲਾਈ ਤੇ ਸੀਵਰੇਜ ਪੰਜਾਬ, ਗੁਰਤੇਜ ਸਿੰਘ ਖੋਸਾ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ, ਰਮਨਦੀਪ ਸਿੰਘ ਮੁਮਾਰਾ ਚੇਅਰਮੈਨ ਸਾਦਿਕ, ਤੋਂ ਇਲਾਵਾ ਵਰਿੰਦਰ ਸਿੰਘ ਐਸਡੀਐਮ ਕੋਟਕਪੂਰਾ, ਮੇਜਰ ਵਰਨ ਕੁਮਾਰ ਐਸਡੀਐਮ ਫਰੀਦਕੋਟ, ਤੁਸ਼ਿਤਾ ਗੁਲਾਟੀ ਜੀਏ ਤੋਂ ਇਲਾਵਾ ਕਾਲਜ ਦੇ ਅਧਿਆਪਕ, ਵੱਖ-ਵੱਖ ਸੰਸਥਾਵਾਂ ਤੋਂ ਵਿਦਿਆਰਥੀ ਅਤੇ ਜਿਲ੍ਹਾਂ ਪ੍ਰਸ਼ਾਸਨ ਦੇ ਅਧਿਕਾਰੀ ਵੀ ਹਾਜ਼ਰ ਸਨ।

# ਵਰਲਡ ਪੰਜਾਬੀ ਟਾਈਮਜ਼ 17 ਅਪ੍ਰੈਲ 2025 ਦਿਨ ਵੀਰਵਾਰ

## ਇੰਟਰਨੈਸ਼ਨਲ ਲਿਟਰੇਰੀ ਡਾਇਰੈਕਟਰੀ




ਸੰਪਾਦਕ : ਅੰਜੂ ਖਰਬੰਦਾ ਅਤੇ ਬੇਬੀ ਕਾਰਫ਼ਰਮਾ
ਪੰਨੇ : 47
ਮੁੱਲ : 50/-

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਹਿੰਦੀ ਸਮੇਤ ਹੋਰਨਾਂ ਭਾਸ਼ਾਵਾਂ ਵਿੱਚ ਸਾਹਿਤਕ ਕਾਰਜ ਕਰਨ ਵਾਲੇ ਲੇਖਕਾਂ ਦਾ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਇੱਕ ਕੋਸ਼ ਹੈ – 'ਇੰਟਰਨੈਸ਼ਨਲ ਲਿਟਰੇਰੀ ਡਾਇਰੈਕਟਰੀ', ਜਿਸਨੂੰ ਅੰਜੂ ਖਰਬੰਦਾ ਅਤੇ ਬੇਬੀ ਕਾਰਫ਼ਰਮਾ ਨੇ ਬੜੀ ਮਿਹਨਤ ਨਾਲ ਤਿਆਰ ਕੀਤਾ ਹੈ। ਸੰਪਾਦਕਾਂ ਵੱਲੋਂ ਹਰ ਲੇਖਕ ਨੂੰ ਇੱਕ ਪਰਫਾਰਮੇ ਵਿੱਚ ਨਾਮ, ਪਤਾ, ਸੰਪਰਕ ਨੰ., ਭਾਸ਼ਾ, ਵਿਸ਼ਾ, ਸਰਕਾਰੀ ਇਨਾਮ, ਕਿਤਾਬਾਂ ਦੀ ਗਿਣਤੀ ਆਦਿ ਭੇਜਣ ਲਈ ਕਿਹਾ ਗਿਆ, ਜਿਸਨੂੰ ਪਿੱਛੋਂ ਇੱਕ ਪੁਸਤਕ ਦੇ ਰੂਪ ਵਿੱਚ ਸੰਪਾਦਿਤ ਕਰ ਦਿੱਤਾ ਗਿਆ। ਇਹ ਪੁਸਤਕ ਨਵੀਂ ਦਿੱਲੀ ਵਿਖੇ ਫ਼ਰਵਰੀ 2025 ਨੂੰ ਅੰਤਰਰਾਸ਼ਟਰੀ ਪੁਸਤਕ ਮੇਲੇ ਵਿੱਚ ਰੀਲੀਜ਼ ਕੀਤੀ ਗਈ। ਇਸ ਵਿੱਚ ਅੰਗਰੇਜ਼ੀ ਦੇ ਏ ਬੀ ਸੀ ਅੱਖਰ-ਕ੍ਰਮ ਰਾਹੀਂ ਵਿਭਿੰਨ ਰਾਜਾਂ ਦੇ ਲੇਖਕਾਂ ਨੂੰ ਸ਼ਾਮਲ ਕੀਤਾ ਗਿਆ ਹੈ (ਜਿਵੇਂ ਏ ਦੇ ਅਧੀਨ ਆਸਾਮ, ਬੀ ਅਧੀਨ ਬਿਹਾਰ, ਡੀ ਅਧੀਨ ਦਿੱਲੀ ਆਦਿ ...)। ਪਹਿਲੇ ਨੰ. ਤੇ ਆਸਾਮ ਅਤੇ ਅੰਤ ਵਿੱਚ ਵੈਸਟ ਬੰਗਾਲ ਦੇ ਲੇਖਕ ਦਰਜ ਹਨ। ਕਿਤਾਬ ਵਿੱਚ 15 ਰਾਜਾਂ ਅਤੇ ਅੰਤ ਵਿੱਚ 5 ਦੇਸ਼ਾਂ (ਆਸਟ੍ਰੇਲੀਆ, ਨੇਪਾਲ, ਯੂਨਾਇਟਡ ਕਿੰਗਡਮ, ਯੂਏਈ, ਯੂਐੱਸ) ਦੇ 117+07=118 ਲੇਖਕਾਂ ਦੇ ਨਾਂ, ਪਤੇ ਸ਼ਾਮਲ ਹਨ।

ਸੁੰਦਰ ਕਾਗਜ਼ ਤੇ ਛਪੀ ਇਸ ਪੁਸਤਕ ਦੇ ਸਰਵਰਕ ਤੇ ਸਵਸਤਿਕ ਚਟੋਪਾਧਿਆਏ ਦੀ ਖ਼ੂਬਸੂਰਤ/ਕਲਾਤਮਕ ਪੇਂਟਿੰਗ ਪ੍ਰਕਾਸ਼ਿਤ ਕੀਤੀ ਗਈ ਹੈ। ਪੁਸਤਕ ਵਿੱਚ ਸਭ ਤੋਂ ਵੱਧ (22) ਲੇਖਕ ਯੂਪੀ ਰਾਜ ਦੇ ਹਨ, ਇੱਕ-ਇੱਕ ਲੇਖਕ ਤਾਂ ਕਈ ਰਾਜਾਂ/ਦੇਸ਼ਾਂ (ਆਸਾਮ, ਓਡਿਸ਼ਾ, ਤਾਮਿਲਨਾਡੂ, ਆਸਟ੍ਰੇਲੀਆ, ਨੇਪਾਲ, ਯੂਕੇ, ਯੂਏਈ) ਦੇ ਹਨ। ਪੁਸਤਕ ਦੇ ਅੰਤਿਮ ਸਰਵਰਕ ਤੇ ਸੰਪਾਦਕਾਂ ਦਾ ਸੰਖਿਪਤ ਪਰਿਚੈ ਹੈ, ਜੋ ਕਿ ਪੁਸਤਕ ਦੇ ਅੰਦਰ ਵੀ ਦਰਜ ਹੈ।


ਪਹਿਲੀ ਕੋਸ਼ਿਸ਼ ਹੋਣ ਕਰਕੇ ਇਸ ਵਿੱਚ ਕੁਝ ਉਕਾਈਆਂ ਰਹਿ ਗਈਆਂ ਹਨ, ਜਿਵੇਂ ਮੁੱਢ ਵਿੱਚ ਤਤਕਰਾ ਨਹੀਂ ਦਿੱਤਾ ਗਿਆ। ਪਾਠਕ ਨੂੰ ਆਪਣਾ ਪਸੰਦੀਦਾ ਲੇਖਕ ਲੱਭਣ ਲਈ ਪੂਰੀ ਕਿਤਾਬ ਫਰੋਲਣੀ ਪੈਂਦੀ ਹੈ। ਚਾਹੀਦਾ ਸੀ ਕਿ ਤਤਕਰਾ ਵਿੱਚ ਰਾਜਾਂ/ਦੇਸ਼ਾਂ ਦੇ ਨਾਂ ਲਿਖ ਕੇ ਹੇਠਾਂ ਲੇਖਕਾਂ ਦੇ ਨਾਂ ਅਤੇ ਪੰਨਾ ਨੰ. ਦਰਜ ਕੀਤੇ ਜਾਂਦੇ। ਕਿਤੇ ਕਿਤੇ ਸ਼ਬਦਜੋੜ ਵੀ ਸਹੀ ਨਹੀਂ ਹਨ। ਕਿਸੇ ਲੇਖਕ ਨੇ ਸਰਕਾਰੀ ਇਨਾਮ ਵਿੱਚ 'ਨੋ' ਲਿਖਿਆ ਹੈ, ਕਿਸੇ ਨੇ 'ਨਨ'; ਇਹਨੂੰ ਇਸੇ ਤਰ੍ਹਾਂ ਛਾਪ ਦਿੱਤਾ ਗਿਆ ਹੈ। ਪੁਸਤਕ ਉੱਤੇ ਕਿਸੇ ਪ੍ਰਕਾਸ਼ਕ ਦਾ ਨਾਂ ਨਹੀਂ ਦਿੱਤਾ ਗਿਆ। ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਸਾਰੇ ਹੀ ਲੇਖਕਾਂ ਦੀ ਇਹ ਮੁਕੰਮਲ ਡਾਇਰੈਕਟਰੀ ਹੈ, ਤਾਂ ਵੀ ਸ਼ਾਇਦ ਪਹਿਲੀ ਐਡੀਸ਼ਨ ਹੋਣ ਕਰਕੇ ਸੰਖਿਪਤ ਰਹਿ ਗਈ ਹੈ। ਆਉਣ ਵਾਲੇ ਸਮੇਂ ਵਿੱਚ ਇਸ ਵਿੱਚ ਹੋਰ ਵਾਧਾ ਤੇ ਸੋਧ ਕੀਤੇ ਜਾਣ ਦੀ ਸੰਭਾਵਨਾ ਹੈ।

## ਮੇਰੀ ਮਿਹਨਤ ਦਾ ਮੁੱਲ ਦਰਸ਼ਕ ਬਹੁਮੁੱਲੇ ਪਿਆਰ ਨਾਲ ਮੋੜਦੇ ਹਨ :- ਅਦਾਕਾਰ ਪ੍ਰਿਤਪਾਲ ਪਾਲੀ

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ



ਫਿਲਮ ਇੰਡਸਟ੍ਰੀਜ ਦੇ ਵਿਚ ਬਹੁਤ ਸਾਰੇ ਅਦਾਕਾਰ ਅਜਿਹੇ ਜੋ ਆਪਣੀ ਇੰਦਰ ਧਨੁੰਸ਼ ਵਰਗੀ ਖੂਬਸੂਰਤ ਅਦਾਕਾਰੀ ਨਾਲ ਸਿਨੇਮਾ ਪ੍ਰੇਮੀਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੇ ਹਨ। ਓਨਾਂ ਦੀ ਅਦਾਕਾਰੀ ਸਿਨੇਮਾ ਪ੍ਰੇਮੀਆਂ ਦੇ ਦਿਲ ਦਿਮਾਗ ਤੇ ਛਾਈ ਰਹਿੰਦੀ ਹੈ।
ਮੈ ਅਜਿਹੀ ਅਜ਼ੀਮ ਸਖਸ਼ੀਅਤ ਤੁਹਾਡੇ ਰੂਬਰੂ ਕਰਨ ਜਾ ਰਿਹਾ ਹਾਂ। ਜਿੰਨਾ ਇਕ ਰੰਗਕਰਮੀ ਦੇ ਤੌਰ ਤੇ 1991 ਵਿੱਚ ਥੀਏਟਰ ਤੋ ਸ਼ੁਰੂਆਤ ਕਰ, ਕਮੇਡੀ ਵੀ.ਸੀਡੀਜ਼, ਪਾਲੀਵੁੱਡ ਤੋ ਬਾਲੀਵੁੱਡ ਵਿਚ ਕਦਮ ਰੱਖਿਆਂ। ਓਨਾਂ ਕਈ ਲਘੂ ਫਿਲਮ ਨੂੰ ਡਾਇਰੈਕਟ ਕਰ ਅੰਜ਼ਾਮ ਤੱਕ ਪਹੁੰਚਾਇਆਂ। ਓਨਾਂ ਹਿੰਦੁਸਤਾਨ ਹੀ ਨਹੀ ਪਾਕਿਸਤਾਨ ਵਿਚ ਵੀ ਅਪਣੇ ਝੰਡੇ ਗੱਡੇ ਅਤੇ ਕਈ ਅਵਾਰਡ ਹਾਸਿਲ ਕੀਤੇ।
ਮੈ ਗੱਲ ਕਰਨ ਜਾ ਰਿਹਾ ਚਰਚਿਤ ਅਦਾਕਾਰ ਪ੍ਰਿਤਪਾਲ ਪਾਲੀ ਜੀ ਦਾ, ਜਿੰਨਾ ਕਾਲਜ ਪੜਦਿਆ ਪੰਜ ਵਾਰ ਨੈਸ਼ਨਲ ਯੂਥ ਫੈਸਟੀਵਲ ਵਿਚ ਜਿੱਤ ਪ੍ਰਾਪਤ ਕੀਤੀ, ਓਨਾ ਗੁਰੂ ਨਾਨਕ ਦੇਵ ਯੂਨਿਵਰਸਿਟੀ ਅੰਮ੍ਰਿਤਸਰ ਵੱਲੋ ਦੋ ਵਾਰ 'ਬੈਸਟ ਐਕਟਰ' ਦਾ ਅਵਾਰਡ ਲਿਆਂ। ਜੇਕਰ ਪੰਜਾਬ ਸਰਕਾਰ ਦੀ ਗੱਲ ਕਰੀਏ, ਓਨਾਂ 'ਮਾਣ ਪੰਜਾਬ ਦਾ' ਤੇ ਲਾਈਵ ਥੀਏਟਰ ਆਰਟਿਸਟ ਅਵਾਰਡ ਹਾਸਲ ਕੀਤਾ।
ਅਦਾਕਾਰ ਪ੍ਰਿਤਪਾਲ ਪਾਲੀ ਜੀ ਨੇ ਪਾਕਿਸਤਾਨ ਵਿਚ " ਪੰਜ ਪਾਣੀ ਥੀਏਟਰ' ਵਿਚ ਯੂਥ ਫੈਸਟੀਵਲ ਵਿਚ ਤਿੰਨ ਵਾਰ ਅਤੇ ਇਕ ਵਾਰ 'ਰਫੀ ਪੀਰ ਇੰਟਰਨੈਸ਼ਨਲ ਫੈਸਟੀਵਲ ਵਿਚ ਆਪਣੀ ਅਦਾਕਾਰੀ ਨਾਲ ਲਹਿੰਦੇ ਪੰਜਾਬ ਦੇ ਦਰਸ਼ਕਾਂ ਨੂੰ ਨਿਹਾਲ ਕੀਤਾ। ਜੇਕਰ ਦੇਖੀਏ ਹੁਣ ਤੱਕ ਓਨਾਂ ਸੈਕੜੇ ਨਾਟਕ ਭਾਰਤ ਦੀਆਂ ਵੱਖ ਵੱਖ ਸਟੇਜਾਂ ਤੇ ਖੇਡ ਚੁੱਕੇ ਹਨ।
ਜੇਕਰ ਓਨਾਂ ਦੇ ਫਿਲਮੀ ਕੈਰੀਅਰ ਦੀ ਗੱਲ ਕਰੀਏ, ਓਨਾਂ ਬਾਲੀਵੁੱਡ ਵਿਚ ਫੀਚਰ ਫ਼ਿਲਮ 'ਕੇਸਰੀ', ਬੱਬਲੀ ਬਾਉਸਰ,ਬੰਦਾ ਸਿੰਘ ਚੌਧਰੀ,ਕਾਲੀ ਖੂਹੀ,ਆਪਰੇਸ਼ਨ ਪਰਿੰਦੇ ਤੇ ਹੂਜ ਯੂਅਰ ਡੈਡੀ ਵਿਚ ਅਦਾਕਾਰ ਵਜੋ ਬਾਕਮਾਲ ਅਦਾਕਾਰੀ ਨਾਲ ਸੁਮਾਰ ਕਰਵਾ ਚੁੱਕੇ ਹਨ ਅਤੇ ਆਉਣ ਵਾਲੀ ਫੀਚਰ ਫ਼ਿਲਮ 'ਸੱਤਿਆਂ' ਵਿਚ ਵੱਖਰੇ ਅੰਦਾਜ਼ ਵਿੱਚ ਨਜ਼ਰ ਆਉਣਗੇ।



ਏਸੇ ਤਰਾਂ ਪਾਲੀਵੁੱਡ ਵਿੱਚ 'ਦੋ ਦੂਨੀ ਪੰਜ' ,ਅਰਸੋ, ਸੱਸ ਮੇਰੀ ਨੇ ਮੁੰਡਾ ਜੰਮਿਆਂ,ਬੈਕਅੱਪ,ਮਝੈਲ,ਡੀ.ਐੱਸ.ਪੀ ਦੇਵ,ਸਰੰਡਰ,ਵਿਸਾਖੀ ਲਿਸਟ,ਗੁੱਡੀਆਂ ਮੁਰੱਬਾ,ਬਾਬੁਲ ਮੇਰੀਆਂ ਗੁੱਡੀਆਂ, ਸਰਾਭਾ ਤੇ ਪੂਰਨਮਾਸ਼ੀ ਅਤੇ ਆਉਣ ਵਾਲੀਆਂ ਪੰਜਾਬੀ ਫੀਚਰ ਫ਼ਿਲਮਾਂ "ਗੁਰੂ ਨਾਨਕ ਜਹਾਜ,ਤੇਜਾ ਸਿੰਘ, ਸੁੱਖਾ ਰੇਡਰ, ਕਾਂਡ ਤੇ ਮਿਸਇੰਗ ਆਦਿ।
ਅਦਾਕਾਰ ਤੇ ਡਾਇਰੈਕਟਰ ਦੇ ਤੌਰ ਤੇ ਪ੍ਰਿਤਪਾਲ ਪਾਲੀ ਜੀ ਨੇ ਲਘੂ ਫਿਲਮ ਉਦਯੋਗ ਵਿਚ ਹਿੱਸਾ ਪਾਇਆਂ, ਜਿੰਨਾ ਲਘੂ ਫਿਲਮ ਦਾ ਨਿਰਮਾਣ ਕੀਤਾ ,ਓਹ ਹਨ :- ਹੰਕਾਰ, ਵਾਅਦਾ,ਯੋਗਦਾਨ,ਅਹਿਸਾਸ,ਖਾਮੋਸ਼, ਪੰਜੇਬ ਤੇ ਫਰਜ਼ ਆਦਿ ਹਨ।
ਜਦੋ ਵੀ.ਸੀਡੀਜ਼ ਦਾ ਜਮਾਨਾ ਸੀ ਤਾਂ ਪ੍ਰਿਤਪਾਲ ਪਾਲੀ ਜੀ ਨੇ ਪ੍ਰਸਿੱਧ ਅਦਾਕਾਰ ਤੇ ਕਮੇਡੀ ਦੇ ਕਿੰਗ ਗੁਰਪ੍ਰੀਤ ਘੁੱਗੀ ਜੀ ਨਾਲ " ਘੁੱਗੀ ਦੇ ਬਰਾਤੀ", ਘੁੱਗੀ ਯਾਰ ਗੱਪ ਨਾ ਮਾਰ, ਘੁੱਗੀ ਖੇਲ ਪਿਟਾਰੀ, ਘੁੱਗੀ ਛੂ ਮੰਤਰ ਅਤੇ "ਘੁੱਲੇਸ਼ਾਹ ਵਿਗੜ ਗਿਆਂ" ਆਦਿ ਵਿੱਚ ਕਮੇਡੀ ਕਰ ਸਰੋਤਿਆਂ ਦੇ ਵਿਹੜੇ ਹਾਸੇ ਬਿਖੇਰਨ 'ਚ ਹਿੱਸਾ ਪਾਇਆਂ।
ਏਥੇ ਹੀ ਬਸ ਨਹੀ ਪ੍ਰਿਤਪਾਲ ਪਾਲੀ ਜੀ ਨੇ ਕਈ ਦਿਗਜ ਲੋਕ ਗਾਇਕਾਂ ਦੇ ਗੀਤਾਂ ਵਿੱਚ ਆਪਣੀ ਬੇਮਿਸਾਲ ਅਦਾਕਾਰੀ ਦੇ ਜੌਹਰ ਦਿਖਾਏ, ਓਨਾਂ ਵਿਚ ਹਨ, ਜਿਵੇ ਕਿ ਚਰਚਿਤ ਲੋਕ ਗਾਇਕ ਤੇ ਅਦਾਕਾਰ 'ਐਮੀ ਵਿਰਕ', ਨਿੰਜਾ, ਰਾਜਵੀਰ ਜਵੰਦਾ,ਦਿਲਪ੍ਰੀਤ ਢਿੱਲੋ, ਵਰਿੰਦਰ ਬਰਾੜ,ਪਰਮੀਸ਼ ਵਰਮਾ,ਗੁਰਨਾਮ ਭੁੱਲਰ,ਰੰਮੀ ਰੰਧਾਵਾ,ਆਰ.ਨੇਤ ਤੇ ਸਿੱਪੀ ਗਿੱਲ ਆਦਿ ਵਿੱਚ। ਹੁਣ ਤੱਕ ਓਹ 80 ਦੇ ਕਰੀਬ ਤਕਰੀਬਨ ਗੀਤਾਂ ਵਿੱਚ ਅਦਾਕਾਰੀ ਕਰ ਵਾਹ ਵਾਹ ਖੱਟ ਚੁੱਕੇ ਨੇ।
ਓਨਾ ਗੱਲਬਾਤ ਦੌਰਾਨ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਓਹ ਹੋਰ ਵੀ ਖੂਬਸੂਰਤ ਵਿਲੱਖਣ ਅਦਾਕਾਰੀ ਨਾਲ ਦਰਸ਼ਕਾਂ ਨਾਲ ਸਾਂਝ ਪਾਉਣਗੇ। ਜੋ ਦਰਸ਼ਕਾਂ ਤੇ ਨਵੇਕਲੀ ਛਾਪ ਛੱਡੇਗੀ।ਓਨਾਂ ਸਭ ਤੋ ਵੱਧ ਤਵੱਜੋ ਦੇ ਆਪਣੇ ਉਸਤਾਦ ਕੇਵਲ ਧਾਲੀਵਾਲ ਤੇ ਜਤਿੰਦਰ ਬਰਾੜ ਜੀ ਦਾ ਸੁਕਰਾਨਾ ਕਰਦਿਆਂ ਕਿਹਾ ਕਿ ਮੈ ਜੋ ਕੁਝ ਹਾਂ, ਉਸਤਾਦਾਂ ਦੇ ਆਸੀਰਵਾਦ ਤੇ ਦਰਸ਼ਕਾਂ ਦੇ ਪਿਆਰ ਮੁਹੱਬਤ ਸਦਕਾ ਹਾਂ। ਮੇਰੀ ਮਿਹਨਤ ਦਾ ਮੁੱਲ ਦਰਸ਼ਕ ਆਪਣੇ ਬਹੁਮੁੱਲੇ ਪਿਆਰ ਨਾਲ ਮੋੜਦੇ ਨੇ।
ਮੇਰੀਆਂ ਦੁਆਵਾਂ ਚਰਚਿਤ ਅਦਾਕਾਰ ਪ੍ਰਿਤਪਾਲ ਪਾਲੀ ਜੀ ਲਈ,ਓਹ ਆਪਣੀ ਅਣਥੱਕ ਮਿਹਨਤ ਨਾਲ ਬੁਲੰਦੀਆਂ ਛੂਹਣ ਤੇ ਹਰ ਮੰਜ਼ਿਲ ਏਨਾਂ ਦੇ ਪੈਰਾ ਦੀ ਮੋਹਤਾਜ ਬਣੇ। ਆਮੀਨ

## ਮਹਿੰਗਾਈ****



ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਭਾਰਤ ਵਿਚ ਹਰ ਚੀਜ਼ ਦੀਆਂ ਕੀਮਤਾਂ ਦੇ ਵਾਧੇ ਦੀ ਰਫ਼ਤਾਰ ਤਾਂ ਮਰ ਰੂਪ ਧਾਰ ਰਹੀ ਹੈ।
ਸਵੇਰੇ ਹੋਰ ਦੁਪਹਿਰ ਹੋਰ ਤੇ ਸ਼ਾਮੀ ਕੱਲ ਨਾਲੋਂ ਦੂਜੀ ਤਿਹਾਈ ਤੇ ਜਿਸ ਤਰ੍ਹਾਂ ਖਾਧ ਪਦਾਰਥਾਂ, ਲੋਹਾ, ਸੀਮਿੰਟ, ਪੈਟਰੋਲ, ਡੀਜ਼ਲ, ਰਸੋਈ ਦੀ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਭਿਆਨਕ ਵਾਧਾ ਹੋਇਆ ਹੈ। ਮੁਦਰਾ ਸਫੀਤੀ ਦੀ ਦਰ 12,44 ਦੇ ਉਪਰ ਹੋ ਗਈ ਹੈ।
ਸਾਡੇ ਮੰਨੇ ਪ੍ਰਮੰਨੇ ਅਰਥ ਸ਼ਾਸਤਰੀ ਸਾਡੇ ਪ੍ਰਧਾਨ ਮੰਤਰੀ ਵਿੱਤ ਮੰਤਰੀ ਨੇ ਵੀ ਹੱਥ ਖੜੇ ਕਰ ਦਿੱਤੇ ਹਨ। ਇਨ੍ਹਾ ਕੋਲ ਮਹਿੰਗਾਈ ਨੂੰ ◌਼ ਰੋਕਣ ਵਾਸਤੇ
ਜਾਦੂ ਦੀ ਛੜੀ ਨਹੀਂ ਹੈ। ਸਧਾਰਨ ਚੀਜ਼ਾਂ ਦਾਲਾਂ, ਸਬਜ਼ੀਆਂ ਤੇ ਚੀਨੀ ਦੇ ਭਾਂਅ ਵਿਚ ਵਾਧੇ ਰਿਕਾਰਡ ਤੋੜ ਦਿੱਤੇ ਹਨ। ਉੱਤੇ ਬੇਰੋਜ਼ਗਾਰੀ ਨੇ ਬਲਦੀ ਵਿਚ ਤੇਲ ਪਾ ਦਿੱਤਾ ਹੈ।
ਵਰਤਮਾਨ ਸਰਕਾਰ ਆਖਦੇ ਹਨ। ਅੰਤਰਾਸ਼ਟਰੀ ਵਰਤਾਰਾ ਮਹਿੰਗਾਈ ਦਾ ਵਾਧਾ ਹੈ। ਰੋਜ਼
ਮਰਾਂ ਦੀਆਂ ਵਸਤੂਆਂ ਨੇ ਆਮ ਆਦਮੀ ਦੀ ਕਮਰ ਤੋੜ ਕੇ ਰੱਖ ਦਿੱਤੀ ਹੈ। ਹਰ ਸਾਲ ਕੀਮਤਾਂ ਵਿਚ ਇਜ਼ਾਫ਼ਾ ਹੁੰਦਾ ਹੈ।
ਦੁਧ ਤੇ ਦੁਧ ਦੀ ਕੀਮਤ ਵਧ ਰਹੀ ਹੈ। ਦਾਲਾਂ, ਫ਼ਲਾਂ, ਰਸੋਈ ਗੈਸ, ਪੰਟਰੋਲ ਤੇ ਡੀਜ਼ਲ ਤਿੱਖਾ ਵਾਧਾ ਹੋਇਆ।
ਲੋਕਾਂ ਵਿਚ ਮੁਸ਼ਕਲਾਂ ਵੱਧ ਗਈਆਂ। ਬੈਂਕਾਂ ਵਿਚ ਵਧ ਰਹੀ ਰਹੀ ਮੁਦਰਾ ਸਫਿਤੀ ਤੋਂ ◌ਂ ਭੈਭੀਤ ਹੋਈ।
ਸਰਕਾਰ ਨੇ ਪਹਿਲਾਂ ਵਿਆਜ਼ ਦਰਾਂ ਵਿਚ ਵਾਧੇ ਦਾ ਰਸਤਾ ਖੋਲ੍ਹ ਦਿੱਤਾ। ਜਿਸ ਨਾਲ ਬੈਂਕਾਂ ਤੋਂ ਕਰਜ਼ਾ ਲੈਣਾ ਵਧੇਰੇ ਔਖਾ ਹੋ ਗਿਆ। ਦੇਸ਼ ਦੀ ਵਿਕਾਸ ਦਰ ਦੀ ਰਫ਼ਤਾਰ ਮਧਮ ਹੋ ਗਈ।
ਆਮ ਲੋੜਾਂ ਦੀਆਂ ਚੀਜ਼ਾਂ ਦੀਆਂ ਵਧ ਰਹੀਆਂ ਕੀਮਤਾਂ ਤੇ ਲੁੱਟ ਮਾਰ ਹੋਣ ਲਗ ਪਈਆਂ। ਸਫਰ ਦੇ ਕਿਰਾਏ ਮਹਿੰਗੇ ਹੋ ਗਏ। ਗਰੀਬ ਨੂੰ ਵੀ ਦੋ ਵਕਤ ਰੋਟੀ ਖਾਣੀ ਮੁਸ਼ਕਿਲ ਹੋ ਗਈ।
ਟੋਲ ਟੈਕਸ ਵਿਚ ਵਾਧੇ ਕੀਤੇ।
ਲੋਕੀਂ ਪ੍ਰੇਸ਼ਾਨ ਹੋ ਗਏ। ਜਦ ਤਕ ਕੋਈ ਵੀ ਸਰਕਾਰ ਹੋਵੇ।
ਮਹਿੰਗਾਈ ਨੂੰ ਰੋਕੇ ਬਿਨਾਂ ਕੁਝ ਨਹੀਂ ਕਰ ਸਕਦੀ।
ਜਿਨ੍ਹੀਆਂ ਮਰਜ਼ੀ ਸਕੀਮਾਂ ਦੇਸ਼ ਨੂੰ ਦੇ ਦੇਵੇ।ਪਰ ਜੋ ਗਰੀਬ ਨੇ ਤਾਂ ਦੋ ਰੋਟੀ ਪੇਟ ਭਰ ਕੇ ਖਾਣੀ ਹੇ। ਗਰੀਬ ਬੰਦੇ ਨੂੰ ਰਾਜਵੀ ਰੋਟੀ ਨਹੀਂ ਮਿਲੇਭ,,,।? ਉਹ ਵੀ ਆਵਾਜ਼ ਉਠਾਏ ਗਾ।
ਮਨੁੱਖ ਨੂੰ ਲੋੜ ਹੈ ਰੋਟੀ, ਕਪੜਾ, ਮਕਾਨ ਦੀ ਲੋੜ ਹੈ।
ਅਰਥਸ਼ਾਸਤਰੀ ਦੇ ਅਨੁਸਾਰ
ਦੇਸ਼ ਵਿਚ ਖ਼ੁਸ਼ਹਾਲੀ ਲਈ ਹਰ ਆਦਮੀ ਨੂੰ ਭੋਜਨ ਮਿਲਣਾ ਚਾਹੀਦਾ ਹੈ। ਇਥੇ ਦੇ ਨਾਗਰਿਕ ਭੁੱਖੇ ਵੀ ਸੌਂਦੇ ਹਨ।
ਮਹਿੰਗਾਈ ਦੀ ਸੱਮਸਿਆ ਤਾਂ ਪੂਰੇ ਸੰਸਾਰ ਭਰ ਵਿੱਚ ਹੈ।
ਮਹਿੰਗਾਈ ਰੋਜ਼ਾਨਾ ਦੀਆਂ ਵਸਤਾਂ ਦੇ ਮੁੱਲ ਇੰਨੇ ਵਧਣ ਨੂੰ ਹੀ ਮਹਿੰਗਾਈ ਆਖਦੇ ਹਨ।
ਆਮਦਨ ਤੇ ਖਰਚ ਵਿਚ ਨਾ
ਬਰਾਬਰੀ ਦਾ ਜਨਮ ਹੁੰਦਾ ਹੈ। ਲੋਕਾਂ ਵਿਚ ਤੰਗੀ ਬਹੁਤ ਸਾਰੀਆਂ ਬੁਰਾਈਆਂ ਨੂੰ ਜਨਮ ਹੁੰਦਾ ਹੈ। ਜਦੋਂ ਤਨਖਾਹ ਵਿਚ ਕਿਸੇ ਆਦਮੀ ਦੇ ਘਰ ਦਾ ਗੁਜ਼ਾਰਾ ਨਹੀਂ ਹੁੰਦਾ ਹੈ।
ਉਹ ਫਿਰ ਚੋਰੀ ਕਰਨ ਨੂੰ ਤਿਆਰ। ਲੁੱਟ ਮਾਰ ਕਰਨ ਨੂੰ ਤਿਆਰ ਹੋ ਜਾਂਦਾ ਹੈ।
ਇਸ ਨਾਲ ਦਫਤਰੀ ਤੇ , ਭ੍ਰਿਸ਼ਟਾਚਾਰ ਰਾਜਨੀਤਕ ਕਾਲਾ ਧਨ, ਕਾਲਾ ਬਾਜ਼ਾਰ ਤੇ ਜਮਾਂਖੋਰੀ ਆਦਿ ਬੁਰਾਈਆਂ ਪੈਦਾ ਹੁੰਦੀਆਂ ਹਨ।

## ਵਕਤ ਦੀ ਚਪੇੜ

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ




ਘਰ ਦੀ ਨਿੱਤ ਵਰਤੋਂ ਦਾ ਸਾਮਾਨ ਖਰੀਦਣ ਪਿੱਛੋਂ ਜਦ ਮੈਂ ਸ਼ਰਮਾ ਸਵੀਟ ਸ਼ਾਪ ਮਾਹਿਲਪੁਰ ਤੋਂ ਬੱਚਿਆਂ ਲਈ ਮਠਿਆਈ ਦਾ ਡੱਬਾ ਲੈ ਕੇ ਪਿੱਛੇ ਮੁੜਿਆ, ਤਾਂ ਮੈਂ ਵੇਖਿਆ, ਇੱਕ ਔਰਤ ਮਠਿਆਈ ਲੈਣ ਲਈ ਸ਼ਾਪ ਵਿੱਚ ਦਾਖਲ ਹੋ ਰਹੀ ਸੀ। ਉਹ ਔਰਤ ਮੈਡਮ ਕਰਮਜੀਤ ਸੀ, ਜੋ ਦਸ ਸਾਲ ਪਹਿਲਾਂ ਮੇਰੇ ਨਾਲ ਸਰਕਾਰੀ ਹਾਈ ਪੋਜੇਵਾਲ ਪੜ੍ਹਾਉਂਦੀ ਸੀ। ਕੁੱਝ ਸਮੇਂ ਬਾਅਦ ਮੈਂ ਬਦਲੀ ਕਰਵਾ ਕੇ ਆਪਣੇ ਪਿੰਡ ਦੇ ਸਰਕਾਰੀ ਹਾਈ ਸਕੂਲ ਆ ਗਿਆ ਸਾਂ। ਉੱਥੇ ਉਸ ਨੇ ਆਪਣੇ ਸਕੂਲ ਦੇ ਕਲਰਕ ਪਰਮਿੰਦਰ ਸਿੰਘ ਨਾਲ ਅੰਤਰ ਜਾਤੀ ਵਿਆਹ ਕਰਵਾ ਲਿਆ ਸੀ। ਭਾਵੇਂ ਕਲਰਕ ਪਰਮਿੰਦਰ ਸਿੰਘ ਦਾ ਰੰਗ ਗੋਰਾ ਸੀ, ਪਰ ਉਹ ਰੱਜ ਕੇ ਸ਼ਰਾਬ ਪੀਣ ਵਾਲਾ, ਹੇਰਾਫੇਰੀ ਕਰਨ ਵਾਲਾ ਤੇ ਵੱਧ, ਘੱਟ ਬੋਲਣ ਵਾਲਾ ਬੰਦਾ ਸੀ। ਮੈਨੂੰ ਵੇਖ ਕੇ ਮੈਡਮ ਕਰਮਜੀਤ ਨੇ ਆਪਣਾ ਸਿਰ ਸਤਿਕਾਰ ਵਜੋਂ ਝੁਕਾਇਆ। ਮੇਰੇ ਹਾਲ ਪੁੱਛਣ ਤੇ ਉਸ ਨੇ ਦੱਸਿਆ," ਵਿਆਹ ਤੋਂ ਛੇ ਸਾਲ ਬਾਅਦ ਮੇਰੇ ਪਤੀ ਦੀ ਜ਼ਿਆਦਾ ਸ਼ਰਾਬ ਪੀਣ ਨਾਲ ਮੌਤ ਹੋ ਗਈ ਸੀ। ਇੱਕ ਬੇਟੀ ਹੋਈ ਸੀ, ਉਹ ਵੀ ਰੱਬ ਨੇ ਖੋਹ ਲਈ। ਹੁਣ ਮੈਂ ਘਰ ਵਿੱਚ ਕੱਲੀ ਰਹਿੰਦੀ ਆਂ। ਵਿਆਹ ਕਰਵਾਣ ਦਾ ਸੁਆਦ ਨ੍ਹੀ ਆਇਆ। ਉਸ ਵੇਲੇ ਜਜ਼ਬਾਤੀ ਹੋ ਕੇ ਮੈਂ ਪਰਮਿੰਦਰ ਨਾਲ ਵਿਆਹ ਕਰਵਾਣ ਦਾ ਫੈਸਲਾ ਕਰ ਲਿਆ ਸੀ। ਹੁਣ ਪਤਾ ਲੱਗਦਾ, ਮੇਰਾ ਫੈਸਲਾ ਕਿੰਨਾ ਗਲਤ ਸੀ। ਮੈਂ ਤੁਹਾਡੀ ਵਿਆਹ ਦੀ ਪਰਪੋਜ਼ਲ ਨਾ ਮੰਨ ਕੇ ਮੈਂ ਆਪਣੇ ਪੈਰੀਂ ਆਪ ਕੁਹਾੜਾ ਮਾਰਿਆ ਸੀ। ਹੁਣ ਮੈਨੂੰ ਵਕਤ ਦੀ ਚਪੇੜ ਨੇ ਆਪਣੀ ਗਲਤੀ ਦਾ ਅਹਿਸਾਸ ਕਰਵਾ ਦਿੱਤਾ ਆ । ਜੇ ਹੋ ਸਕੇ, ਤਾਂ ਮੈਨੂੰ ਮਾਫ ਕਰ ਦਿਉ। ਮਈ ਦਿਵਸ ਦੀ ਛੁੱਟੀ ਹੋਣ ਕਾਰਨ ਇੱਥੇ ਮੈਂ ਆਪਣੀ ਭੈਣ ਨੂੰ ਮਿਲਣ ਆਈ ਆਂ। ਉਸ ਨਾਲ ਚਾਰ ਗੱਲਾਂ ਕਰਕੇ ਦਿਲ ਦਾ ਭਾਰ ਹੌਲਾ ਹੋ ਜਾਊਗਾ।" ਇਹ ਗੱਲਾਂ ਕਰਦੀ ਉਹ ਬੜੀ ਭਾਵੁਕ ਹੋ ਗਈ ਸੀ। ਫਿਰ ਉਹ ਆਪਣੇ ਆਪ ਨੂੰ ਸੰਭਾਲ ਕੇ , ਸ਼ਾਪ ਤੋਂ ਮਠਿਆਈ ਦਾ ਡੱਬਾ ਲੈ ਕੇ, ਮੈਨੂੰ ਬੁਲਾ ਕੇ ਆਪਣੀ ਭੈਣ ਦੇ ਘਰ ਜਾਣ ਲਈ ਸਕੂਟਰੀ ਸਟਾਰਟ ਕਰਕੇ ਤੁਰ ਪਈ।

## ਡਿਲੀਟ/ਰੀਸੈੱਟ

ਵਰਲਡ ਪੰਜਾਬੀ ਟਾਈਮਜ਼
ਗਗਨ ਭੀਮਾ

ਹੋਣੀ ਚਾਹੀਦੀ ਹੈ,
ਫ਼ੋਨ ਵਾਂਗ,
ਮਨੁੱਖੀ ਦਿਮਾਗ 'ਚ ਵੀ ਡਿਲੀਟ ਦੀ ਆਪਸ਼ਨ।
ਕਿਉਂਕਿ ਇੱਕ ਸਮੇਂ ਤੋਂ ਬਾਅਦ ਮਨੁੱਖ ਵੀ,
ਕੁਝ ਯਾਦਾਂ ਨੂੰ ਡਿਲੀਟ ਕਰ ਦੇਣਾ ਚਾਹੁੰਦਾ ਹੈ।

ਜਾਂ
ਹੋਣੀ ਚਾਹੀਦੀ ਹੈ,
ਫ਼ੋਨ ਵਾਂਗ ਰੀਸੈੱਟ ਦੀ ਆਪਸ਼ਨ।
ਇੱਕੋ ਜਨਮ 'ਚ ਆਪਣੇ ਜੀਵਨ ਨੂੰ ਚੰਗੀ ਸ਼ੁਰੂਆਤ ਨਾਲ ਜਿਉਣ ਦੀ ਲਾਲਸਾ
ਤਾਂ
ਹਰ ਮਨੁੱਖ ਦੀ ਹੈ।
ਮਨੁੱਖ ਚਾਹੁੰਦਾ ਹੈ ਆਪਣੇ ਅਨੁਸਾਰ ਜਿਉਣਾ।

## ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

ਅੰਕੁਸ਼ ਨਹੀਂ ਹੈ ਜਿਸ ਦਾ ਆਪਣੀ ਜ਼ੁਬਾਨ ਉੱਤੇ,
ਇੱਜ਼ਤ ਨਾ ਬਹੁਤੀ ਉਸ ਨੂੰ ਮਿਲਦੀ ਜਹਾਨ ਉੱਤੇ।

ਫਿਰ ਨਾ ਦੁਬਾਰਾ ਉਹ ਆਵੇ ਸੌਦਾ ਲੈਣ ਉੱਥੋਂ,
ਇਕ ਵਾਰ ਆ ਗਿਆ ਜੋ ਉਸ ਦੀ ਦੁਕਾਨ ਉੱਤੇ।

ਉਹ ਹੁਕਮਰਾਨ ਲਹਿ ਜਾਵੇ ਉਹਨਾਂ ਦੇ ਦਿਲਾਂ ਤੋਂ,
ਜਿਸ ਨੇ ਵੀ ਜ਼ੁਲਮ ਕੀਤਾ ਕਿਰਤੀ, ਕਿਸਾਨ ਉੱਤੇ।

ਮਿਲ ਜਾਣਾ ਹੈ ਉਸ ਨੇ ਇਕ ਦਿਨ ਇੱਥੇ ਮਿੱਟੀ ਦੇ ਵਿੱਚ,
ਆਇਆ ਹੈ ਦੋਸਤੋ, ਜੋ ਵੀ ਇਸ ਜਹਾਨ ਉੱਤੇ।

ਦਿੱਤੇ ਨੇ ਸਭ ਨੇ ਸਾਨੂੰ ਧੋਖੇ ਹੀ ਜ਼ਿੰਦਗੀ ਵਿੱਚ,
ਕਿਸ ਦਾ ਅਸੀਂ ਨਾਂ ਲਿਖੀਏ ਦਿਲ ਦੀ ਕਿਤਾਬ ਉੱਤੇ।

ਉਹਨਾਂ ਦਾ ਕੀ ਬਣੂੰ ਜਿਹੜੇ ਝੂਠ ਬੋਲਦੇ ਨੇ,
ਰੱਖ ਕੇ ਹੱਥ ਪਵਿੱਤਰ ਗੀਤਾ, ਕੁਰਾਨ ਉੱਤੇ।

ਭਾਵੇਂ ਮਿਲੇ ਦੋ ਵੇਲੇ ਦੀ ਰੋਟੀ ਔਖੇ ਹੋ ਕੇ,
ਸਾਨੂੰ ਹੈ ਮਾਣ ਫਿਰ ਵੀ ਭਾਰਤ ਮਹਾਨ ਉੱਤੇ।
****